ਜੋ ਵੀ ਮੁਸਲਮਾਨ ਵੁਜ਼ੂ ਕਰਦਾ ਹੈ ਅਤੇ ਚੰਗੀ ਤਰ੍ਹਾਂ ਵੁਜ਼ੂ ਕਰਦਾ ਹੈ , ਫੇਰ ਖੜ੍ਹਾ ਹੋ ਕੇ , ਪੂਰਾ ਧਿਆਨ ਲਗਾ ਕੇ ਦੋ ਰਕਆਤ ਨਮਾਜ਼ ਪੜ੍ਹਦਾ ਹੈ , ਉਸ ਲਈ ਜੰਨਤ ਵਾਜਿਬ ਹੋ ਜਾਂਦੀ ਹੈ।

ਉਕਬਾ ਬਿਨ ਆਮਿਰ (ਰਜ਼ੀਅੱਲਾਹੁ ਅਨਹੁ) ਕਹਿੰਦੇ ਹਨ ਕਿ ਸਾਡੇ ਉੱਤੇ ਊਠਾਂ ਨੂੰ ਚਰਾਉਣ ਦੀ ਜ਼ਿੰਮੇਵਾਰੀ ਸੀ। ਮੇਰੀ ਵਾਰੀ ਆਈ , ਤਾਂ ਮੈਂ ਉਨ੍ਹਾਂ ਨੂੰ ਸ਼ਾਮ ਵੇਲੇ ਚਰਾ ਕੇ ਵਾਪਸ ਲੈ ਆਇਆ। ਉਸ ਵੇਲੇ ਮੈਂ ਰਸੂਲੁੱਲਾਹ ▯ ਨੂੰ ਖੜ੍ਹੇ ਹੋਏ ਕੇ ਲੋਕਾਂ ਨੂੰ ਕੁੱਝ ਫਰਮਾਉਂਦੇ ਹੋਏ ਵੇਖਿਆ। ਮੈਂ ਆਪ ▯ ਦੀ ਇਹ ਗੱਲ ਸੁਣੀ ਕਿ ਆਪ ਫਰਮਾ ਰਹੇ ਸਨ : "ਜੋ ਵੀ ਮੁਸਲਮਾਨ ਵੁਜ਼ੂ ਕਰਦਾ ਹੈ ਅਤੇ ਚੰਗੀ ਤਰ੍ਹਾਂ ਵੁਜ਼ੂ ਕਰਦਾ ਹੈ , ਫੇਰ ਖੜ੍ਹਾ ਹੋ ਕੇ , ਪੂਰਾ ਧਿਆਨ ਲਗਾ ਕੇ ਦੋ ਰਕਆਤ ਨਮਾਜ਼ ਪੜ੍ਹਦਾ ਹੈ , ਉਸ ਲਈ ਜੰਨਤ ਵਾਜਿਬ ਹੋ ਜਾਂਦੀ ਹੈ। " ਉਕਬਾ (ਰ.) ਬਿਆਨ ਕਰਦੇ ਹਨ ਕਿ ਮੈਂ ਕਿਹਾ : ਕਿੰਨੀ ਸੋਹਣੀ ਗੱਲ ਹੈ ਇਹ ! ਤਾਂ ਇਹ ਸੁਣ ਕੇ ਇੱਕ ਵਿਅਕਤੀ ਮੇਰੇ ਸਾਹਮਣੇ ਤੋਂ ਆਖਦਾ ਹੈ : ਇਸ ਤੋਂ ਪਹਿਲਾਂ ਵਾਲੀ ਗੱਲ ਇਸ ਨਾਲੋਂ ਵੀ ਵਧੀਆ ਸੀ। ਮੈਂ ਵੇਖਿਆ ਤਾਂ ਉਹ ਉਮਰ (ਰ.) ਸਨ। ਉਨ੍ਹਾਂ ਨੇ ਕਿਹਾ : ਮੈਂ ਵੇਖਿਆ ਕਿ ਤੂੰ ਹੁਣੇ -ਹੁਣੇ ਆਇਆ ਹੈਂ। ਆਪ ▯ ਨੇ ਇਸਤੋਂ ਪਹਿਲਾਂ ਫਰਮਾਇਆ ਸੀ : "ਤੁਹਾਡੇ ਵਿੱਚੋਂ ਜੋ ਵੀ ਵਿਅਕਤੀ ਵੁਜ਼ੂ ਕਰੇ ਅਤੇ ਆਪਣੇ ਵੁਜ਼ੂ ਨੂੰ ਪੂਰਾ ਕਰੇ ਜਾਂ ਚੰਗੇ ਤਰੀਕੇ ਨਾਲ ਵੁਜ਼ੂ ਕਰੇ , ਫੇਰ ਇਹ ਕਹੇ : " أَشْهَدُ أَنْ لَا إِلَهَ إِلَّا اللهُ وَأَنَّ مُحَمَّدًا عَبْدُ اللهِ وَرَسُولُهُ" (ਮੈਂ ਇਸ ਗੱਲ ਦੀ ਗਵਾਹੀ ਦਿੰਦਾ ਹਾਂ ਕਿ ਅੱਲਾਹ ਤੋਂ ਇਲਾਵਾ ਕੋਈ ਸੱਚਾ ਮਾਬੂਦ (ਇਸ਼ਟ) ਨਹੀਂ ਅਤੇ ਮੁਹੰਮਦ ▯ ਉਸ ਦੇ ਬੰਦੇ ਅਤੇ ਰਸੂਲ ਹਨ), ਉਸ ਲਈ ਜੰਨਤ ਦੇ ਅੱਠੇ ਦਰਵਾਜ਼ੇ ਖੋਲ੍ਹ ਦਿੱਤੇ ਜਾਣਗੇ। ਉਹ ਜਿਸ ਤੋਂ ਚਾਹੇਗਾ , ਦਾਖਲ ਹੋ ਜਾਵੇਗਾ। "

[صحيح] [رواه مسلم]

ਅੱਲਾਹ ਦੇ ਨਬੀ ▯ ਨੇ ਲੋਕਾਂ ਨਾਲ ਗੱਲ ਕਰਦੇ ਹੋਏ ਦੋ ਵੱਡੀਆਂ ਫਜ਼ੀਲਤਾਂ ਬਾਰੇ ਦੱਸਿਆ ਹੈ : 1- ਜਿਸ ਨੇ ਸੁੰਨਤ ਤਰੀਕੇ ਅਨੁਸਾਰ ਚੰਗੀ ਤਰ੍ਹਾਂ ਵੁਜ਼ੂ ਕੀਤਾ ਅਤੇ ਹਰ ਅੰਗ ਤੱਕ ਲੋੜੀਂਦਾ ਪਾਣੀ ਪਹੁੰਚਾਇਆ , ਫੇਰ ਇਹ ਦੁਆ ਪੜ੍ਹੀ : ਮੈਂ ਇਸ ਗੱਲ ਦੀ ਗਵਾਹੀ ਦਿੰਦਾ ਹਾਂ ਕਿ ਅੱਲਾਹ ਤੋਂ ਇਲਾਵਾ ਕੋਈ ਸੱਚਾ ਮਾਬੂਦ (ਇਸ਼ਟ) ਨਹੀਂ ਹੈ ਅਤੇ ਮੁਹੰਮਦ ▯ ਅੱਲਾਹ ਦੇ ਬੰਦੇ ਤੇ ਰਸੂਲ ਹਨ , ਉਸ ਲਈ ਜੰਨਤ ਦੇ ਅੱਠੇ ਦਰਵਾਜ਼ੇ ਖੋਲ੍ਹ ਦਿੱਤੇ ਜਾਂਦੇ ਹਨ। ਜਿਸ ਵੀ ਦਰਵਾਜ਼ੇ ਤੋਂ ਚਾਹੇ , ਦਾਖਲ ਹੋ ਜਾਵੇ। 2- ਜਿਸ ਨੇ ਇਸ ਤਰ੍ਹਾਂ ਪੂਰਾ ਵੁਜ਼ੂ ਕੀਤਾ ਅਤੇ ਉਸ ਤੋਂ ਬਾਅਦ ਪੂਰੀ ਇਕਾਗਰਤਾ , ਇਖ਼ਲਾਸ (ਸੱਚੀ ਨੀਅਤ) ਅਤੇ ਨਿਮਰਤਾ ਨਾਲ ਦੋ ਰਕਆਤ ਨਮਾਜ਼ ਪੜ੍ਹੀ ਅਤੇ ਆਪਣੇ ਮੱਥੇ ਤੇ ਸਾਰੇ ਸ਼ਰੀਰ ਦੇ ਅੰਗਾਂ ਨੂੰ ਅੱਲਾਹ ਦੇ ਅੱਗੇ ਝੁਕਾਇਆ , ਉਸ ਲਈ ਜੰਨਤ ਵਾਜਿਬ (ਲਾਜ਼ਮੀ) ਹੋ ਜਾਵੇਗੀ।

http://sunnah.global/hadeeth/pa/show/8388